## ਬਾਬਾ ਅਬ ਨ ਬਸਉ ਇਹ ਗਾਉ

ਇਹ ਸ਼ਬਦ, ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਮਾਰੂ ਰਾਗ ਦੇ ਤਹਿਤ, ਪੰਨਾ ੧੧੦੪ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਭਗਤ ਜੀ ਇਸ ਸਰੀਰ ਤੋਂ ਦੇ ਬੰਧਨ ਤੋਂ ਮੁਕਤ ਹੋ ਜਾਣਾ, ਉਪਰ ਉਠ ਜਾਣਾ ਲੋਚਦੇ ਹਨ ਕਿਉਂਕਿ ਇਸ ਸਰੀਰ ਦਾ ਚੌਧਰੀ ਤਾਂ ਭਾਵੇਂ ਜੀਵ ਆਤਮਾ ਹੈ ਪਰ ਪੰਜ ਇੰਦ੍ਰੀਆਂ ਦੇ ਵਸ ਵਿਚ ਹੈ ਜੋ ਉਸ ਦੇ ਕਹੇ ਤੋਂ ਬਾਹਰ ਹਨ ਅਤੇ ਉਹ ਉਹ ਕੰਮ ਕਰਵਾਈ ਜਾਂਦੇ ਹਨ ਜੋ ਕਰਨ ਯੋਗ ਨਹੀਂ। ਸਰੀਰ ਅਤੇ ਇਹ ਇੰਦਰੇ ਤਾਂ ਇਥੇ ਹੀ ਰਹਿ ਜਾਂਦੇ ਹਨ ਪਰ ਅਗੇ ਜਾ ਕੇ ਭੁਗਤਣਾ ਜੀਵ ਆਤਮਾ ਨੂੰ ਪੈਂਦਾ ਹੈ। ਇਸ ਲਈ ਪ੍ਰਭੂ ਨੂੰ ਬੇਨਤੀ ਕਰਨੀ ਦਸੀ ਹੈ ਕਿ ਇਸੇ ਸਰੀਰ, ਭਾਵ ਜਨਮ ਦੌਰਾਨ ਹੀ ਨਿਬੇੜਾ ਕਰਵਾ ਲਈਏ ਤਾਂ ਕਿ ਵਾਰ ਵਾਰ ਸਰੀਰ ਧਾਰਣ ਹੀ ਨਾ ਕਰਨਾ ਪਏ।

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥

**ਅਰਥ :** ਇਹ ਮਨੁਖਾ ਦੇਹੀ ਇਕ ਪਿੰਡ, village ਵਸਿਆ ਹੋਇਆ ਹੈ, ਇਸ ਪਿੰਡ ਦਾ ਚੌਧਰੀ ਜਾਂ ਮੁਖੀਆ, ਜੀਵ ਆਤਮਾ ਹੈ। ਇਸ ਵਿਚ ਪੰਜ ਕਿਰਸਾਨ ਵੀ ਵਸਦੇ ਹਨ।

ਗੁਰਬਾਣੀ ਵਿਚ ਮਨੁਖਾ ਸਰੀਰ ਦੀ ਤੁਲਨਾ ਬ੍ਰਹਿਮੰਡ ਨਾਲ ਵੀ ਕੀਤੀ ਮਿਲਦੀ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਵਾਕ ਹਨ ਕਿ ਮਨੁਖੀ ਸਰੀਰ ਦੇ ਅੰਦਰ ਉਹੀ ਸਭ ਕੁਝ ਵਸਦਾ ਹੈ ਜੋ ਖੰਡਾਂ ਮੰਡਲਾਂ ਜਾਂ ਪਾਤਾਲਾਂ ਵਿਚ ਵਸਦਾ ਹੈ – 'ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥', ਪੰਨਾ ੭੫੪. ਭਗਤ ਪੀਪਾ ਜੀ ਦੇ ਬਚਨ ਹਨ ਕਿ ਬ੍ਰਹਿਮੰਡ macrocosm ਹੈ ਅਤੇ ਮਨੁਖਾ ਸਰੀਰ microcosm ਹੈ। ਬੁਨਿਆਦੀ ਤੌਰ ਤੇ ਦੋਹਾਂ ਦੀ ਬਣਤਰ ਸਮਾਨ ਹੈ – 'ਜੋ ਬ੍ਰਹਮੰਡੇ ਸੋਈ ਪਿੰਡੇ...', ਪੰਨਾ ੬੯੫. ਪਛਮੀ ਵੀਚਾਰ ਧਾਰਾ ਵਿਚ ਵੀ ਸਾਰੀ ਸ੍ਰਿਸ਼ਟੀ ਅਤੇ ਮਨੁਖਾ ਸਰੀਰ ਦੀ ਬੁਨਿਆਦੀ ਬਣਤਰ ਸਮਾਨ ਮੰਨੀ ਗਈ ਹੈ। ਇਸ ਲਈ ਸ੍ਰਿਸ਼ਟੀ ਜਾਂ cosmos ਨੂੰ Macrocosm ਅਤੇ ਮਨੁਖਾ ਸਰੀਰ ਨੂੰ microcosm ਕਿਹਾ ਗਿਆ ਹੈ। ਇਹ ਵੀਚਾਰ ਪੁਰਾਤਨ ਮੈਸੋਪੁਟਾਮੀਆ, ਈਰਾਨ ਵਿਚ ਵੀ ਵੇਖਣ ਨੂੰ ਮਿਲਦੇ ਹਨ। ਜ਼ਿਆਦਾ ਵਿਕਸਿਤ ਰੂਪ ਵਿਚ ਪੁਰਾਤਨ ਯੂਨਾਨੀ ਵੀਚਾਰ ਧਾਰਾ ਵਿਚ ਮਿਲਦੇ ਹਨ। ਪਲੈਟੋ ਦੇ ਡਾਇਲੌਗ Timaeus ਵਿਚ ਸ੍ਰਿਸ਼ਟੀ ਨੂੰ ਵੀ ਮਨੁਖਾ ਸਰੀਰ ਵਾਂਙ ਜੀਵਤ ਅਤੇ ਆਤਮਾ ਸਹਿਤ ਮੰਨਿਆਂ ਗਿਆ ਹੈ। ਸਿਟੀਅਮ (ਸਾਈਪ੍ਰਸ, Cyprus) ਦੇ ਜ਼ੀਨੋ (300 BC) ਦੀ Stoic ਵੀਚਾਰ ਧਾਰਾ ਵੀ ਇਸੇ ਵੀਚਾਰ ਦੀ ਹਾਮੀ ਹੈ। ਇਸ ਫ਼ਿਲਾਸਫ਼ਰ ਨੇ ਅਦਨ, ਯੂਨਾਨ ਵਿਚ ਵੀ ਪੜ੍ਹਾਇਆ ਸੀ।

**ਅਰਥ :** ਇਸ ਦੇਹੀ ਵਾਲੇ ਪਿੰਡ ਵਿਚ ਵਸਣ ਵਾਲੇ ਪੰਜ ਕਿਰਸਾਣ, ਪੰਜ ਇੰਦਰੇ ਜਾਂ ਇੰਦ੍ਰੀਆਂ, ਦੇਖਣ ਵਾਲੇ ਇੰਦਰੇ, ਦੋਵੇਂ ਅਖਾਂ (ਨੈਨੂ), ਸੁੰਘਣ ਵਾਲਾ ਇੰਦਰਾ ਨੱਕ (ਨਕਟੂ), ਸੁਣਨ ਵਾਲੇ, ਦੋ ਕੰਨ (ਸ੍ਰਵਨੂ), ਸੁਆਦ ਵਾਲੀ ਜੀਭ (ਰਸਪਤਿ), ਕਾਮ ਵਾਲੀ ਇੰਦ੍ਰੀ, ਜੀਵ ਆਤਮਾ ਦੇ ਆਖੇ ਵਿਚ ਨਹੀਂ।੧।

ਸ੍ਰੀ ਗੁਰੂ ਨਾਨਕ ਸਾਹਿਬ ਨੇ ਭਉਰੇ, ਪਤੰਗੇ, ਹਾਥੀ, ਮਛੀ ਅਤੇ ਮਿਰਗ ਦਾ ਪ੍ਰਸੰਗ ਦੇ ਕੇ ਸਮਝਾਇਆ ਹੈ ਕਿ ਇਹ, ਇਕ ਇਕ ਇੰਦ੍ਰੀ ਦੀ ਇਕ ਇਕ ਕਮਜ਼ੋਰੀ ਕਰ ਕੇ, ਆਪਣੀ ਮੌਤ ਸਹੇੜ ਲੈਂਦੇ ਹਨ। ਮਨੁਖ, ਇਨ੍ਹਾਂ ਪੰਜਾਂ ਵਿਚ ਫ਼ਸਿਆ ਆਪਣੇ ਅਸਲ ਤੱਤ, ਪ੍ਰਭੂ ਨੂੰ ਨਹੀਂ ਪਛਾਣਦਾ, ਜਿਸ ਕਰ ਕੇ ਸਜ਼ਾ ਦਾ ਪਾਤਰ ਬਣ ਜਾਂਦਾ ਹੈ – 'ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥ ਤ੍ਰਿਸਨਾ ਰਾਚਿ ਤਤੁ ਨਹੀਂ ਬੀਨਾ॥', ਪੰਨਾ ੨੨੫.

ਭਗਤ ਰਵਿਦਾਸ ਜੀ ਨੇ ਵੀ ਬੜੇ ਸੁੰਦਰ ਸ਼ਬਦਾਂ ਵਿਚ, ਇੰਨ੍ਹਾਂ ਪੰਜੇ ਇੰਦਰਿਆਂ ਦੇ ਵਸ ਵਿਚ ਹੋਣ ਦੀ ਸਮੱਸਿਆ ਬਾਰੇ, ਦ੍ਰਿਸ਼ਟਾਂਤ ਦੇ ਕੇ ਖ਼ਬਰਦਾਰ ਕੀਤਾ ਹੈ। ਉਨ੍ਹਾਂ ਦੇ ਇਸ਼ਾਰੇ ਰੂਪ ਵਿਚ

ਬਚਨ ਹਨ ਕਿ ਮਿਰਗ ਨੂੰ ਕੰਨ ਰਸ ਹੈ, ਜਿਸ ਦਾ ਫ਼ਾਇਦਾ ਉਠਾ ਕੇ ਸ਼ਿਕਾਰੀ ਸੰਗੀਤ ਸੁਣਾ ਕੇ ਉਸ ਨੂੰ ਫੜ ਲੈਂਦਾ ਹੈ। ਮੀਨ ਸੁਆਦ ਦੇ ਚਸਕੇ ਕਰ ਕੇ ਕੰਡੇ ਨਾਲ ਲਗੇ ਭੋਜਨ ਦਾ ਸੁਆਦ ਲੈਂਦੀ, ਫ਼ਸ ਜਾਂਦੀ ਹੈ। ਭਉਰਾ ਸੁਗੰਧੀ ਦੇ ਰਸ ਕਰ ਕੇ ਕਉਲ ਫੁਲ ਵਿਚ ਕੈਦ ਹੋ ਕੇ ਪ੍ਰਾਣ ਗੁਆ ਬਹਿੰਦਾ ਹੈ। ਪਤੰਗਾ ਵੇਖਣ ਦੇ ਰਸ ਕਰ ਕੇ ਦੀਵੇ ਦੀ ਲੌਅ ਵੇਖਦਾ ਵੇਖਦਾ ਸੜ ਮਰਦਾ ਹੈ। ਹਾਥੀ ਕਾਮ ਇੰਦ੍ਰੀ ਦੇ ਸੁਆਦ ਕਰਕੇ, ਹਥਨੀ ਦੇ ਕਲਬੂਤ ਨੂੰ ਹਥਣੀ ਸਮਝ, ਉਸ ਵਲ ਦੌੜਦਾ ਹੈ ਅਤੇ ਰਾਹ ਵਿਚ, ਸ਼ਿਕਾਰੀ ਦੇ ਖੋਦੇ ਹੋਏ ਖੱਡੇ ਵਿਚ ਡਿਗ ਕੇ ਕੈਦ ਹੋ ਜਾਂਦਾ ਹੈ। ਇਕ ਇਕ ਇੰਦਰੀ ਦੇ ਵਸ ਹੋ ਕੇ ਇਹ ਪੰਜੇ ਜੀਵ ਫ਼ਸ ਜਾਂਦੇ ਹਨ। ਭਗਤ ਜੀ ਬਚਨ ਕਰਦੇ ਹਨ ਕਿ ਮਨੁਖ ਵਿਚ ਤਾਂ ਇਹ ਪੰਜੇ ਵਿਕਾਰ ਅਸਾਧ ਹਨ ਤਾਂ ਉਹ ਕਿਵੇਂ ਬਚ ਸਕਦਾ ਹੈ - 'ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥', ਪੰਨਾ ੪੮੬.

**ਬਾਬਾ ਅਬ ਨ ਬਸਉ ਇਹ ਗਾਉ ॥**
**ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥੧॥ ਰਹਾਉ ॥**

**ਅਰਥ :** ਭਗਤ ਕਬੀਰ ਜੀ ਬਚਨ ਕਰਦੇ ਹਨ ਕਿ ਇਸੇ ਕਰ ਕੇ ਉਹ ਇਸ ਪਿੰਡ, ਇਸ ਦੇਹੀ ਵਿਚ ਫ਼ਿਰ ਦੁਬਾਰਾ ਨਹੀਂ ਵਸਣਾ ਚਾਹੁੰਦੇ, ਭਾਵ, ਫ਼ਿਰ ਤੋਂ, ਮਨੁਖਾ ਜਨਮ ਵੀ ਨਹੀਂ ਲੈਣਾ ਚਾਹੁੰਦੇ। ਕਾਰਣ, ਉਹ ਅਗੋਂ ਵਿਸਤਾਰ ਵਿਚ ਦਸ ਰਹੇ ਹਨ।

ਭਗਤ ਕਬੀਰ ਜੀ ਨੇ ਹੋਰ ਥਾਈਂ ਵੀ ਬਚਨ ਕੀਤੇ ਹਨ ਕਿ ਉਹ ਹੁਣ ਦੁਬਾਰਾ ਜਨਮ ਲੈ ਕੇ ਕਿਉਂ ਆਉਣਗੇ, ਭਾਵ, ਕਦੇ ਨਹੀਂ ਆਉਣਗੇ। ਕਿਉਂਕਿ ਜਨਮ ਲੈ ਕੇ ਆਉਣਾ ਜਾਣਾ, ਪ੍ਰਭੂ ਦੇ ਹੁਕਮ ਵਿਚ ਹੁੰਦਾ ਹੈ ਅਤੇ ਭਗਤ ਜੀ ਤਾਂ ਉਸੇ ਹੁਕਮ ਨੂੰ ਬੁਝ ਕੇ, ਪ੍ਰਭੂ ਵਿਚ ਹੀ ਸਮਾ ਚੁਕੇ ਹਨ - 'ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥', ਪੰਨਾ ੧੧੦੩.

**ਅਰਥ :** ਪ੍ਰਭੂ ਦੇ ਬਿਠਾਏ ਮੁਨੀਮ, ਜਿਨ੍ਹਾਂ ਦਾ ਨਾਂ ਚਿਤ੍ਰ ਅਤੇ ਗੁਪਤ ਹੈ, ਉਹ ਸਾਰੇ ਜੀਵਨ ਦੀ ਹਰ ਘੜੀ ਦਾ ਹਿਸਾਬ ਰਖਦੇ ਹਨ।੧।ਰਹਾਉ।

ਪੰਜਵੇਂ ਪਾਤਸ਼ਾਹ ਸਮਝਾਉਂਦੇ ਹਨ, ਮਨੁਖ ਤਾਂ ਭੁਲਣਹਾਰ ਹੈ, ਘੜੀ ਘੜੀ ਭੁਲਦਾ ਹੈ। ਜੇ ਹਰ ਘੜੀ ਦਾ ਲੇਖਾ ਹੁੰਦਾ ਰਹੇ ਤਾਂ ਇਸ ਚਕਰ ਤੋਂ ਤਾ ਕਦੇ ਬਚਿਆ ਹੀ ਨਹੀਂ ਜਾ ਸਕਦਾ। ਇਕੋ ਹੀ ਤਰੀਕਾ ਬਾਕੀ ਹੈ ਕਿ ਲੇਖਾ ਨਾ ਲਿਆ ਜਾਵੇ ਅਤੇ ਵਾਹਿਗੁਰੂ ਬਖ਼ਸ਼ੰਦ, ਬਖ਼ਸ਼ ਲਵੇ ਅਤੇ ਭਵਸਾਗਰ ਤੋਂ ਪਾਰ ਕਰ ਦਏ - 'ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰਿ॥', ਪੰਨਾ ੨੬੧.

**ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥**
**ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੨॥**

**ਅਰਥ :** ਇਨ੍ਹਾਂ ਪੰਜੇ ਇੰਦ੍ਰੀਆਂ ਦੇ ਕੀਤੇ ਹੋਏ ਕਰਮਾਂ ਦਾ ਘੜੀ ਘੜੀ ਦਾ ਲੇਖਾ, ਧਰਮਰਾਜ ਲਏਗਾ ਤਾਂ ਨਿਸਚਿਤ ਹੀ ਬਹੁਤ ਕੁਝ ਦੇਣਦਾਰੀ ਬਕਾਇਆ ਨਿਕਲ ਆਏਗੀ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਪੂਰੇ ਸਤਿਗੁਰ ਦੀ ਸੇਵਾ, ਭਾਵ, ਸਿਮਰਨ ਅਤੇ ਹਥੀਂ ਸੇਵਾ ਨਾ ਕਰਨ ਤੇ, ਜਦੋਂ ਸਿਰ ਤੇ ਸਜ਼ਾ ਦੇਣ ਵਾਲੇ ਘਾਤਕ ਜਮ ਨੇ ਆ ਖਲੋਣਾ ਹੈ, ਧਰਮ ਰਾਜ ਨੇ ਪਕੜ ਲੈਣਾ ਹੈ ਤਾਂ ਜੀਵ ਕੋਲ ਕੋਈ ਜੁਆਬ ਨਹੀਂ ਹੋਣਾ - 'ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ॥ ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ॥', ਪੰਨਾ ੭੭. ਭਗਤ ਕਬੀਰ ਜੀ ਸਪੱਸ਼ਟ ਕਰ ਰਹੇ ਹਨ ਕਿ ਸਿਮਰਨ ਨਹੀਂ ਕੀਤਾ, ਦਇਆ ਆਦਿ ਧਰਮ ਕਰਮ ਨਹੀਂ ਕੀਤੇ ਤਾਂ ਅੰਤ ਵੇਲਾ ਜਦੋਂ ਧਰਮ ਰਾਜ ਲੇਖਾ ਮੰਗੇਗਾ ਤਾਂ ਅਜਿਹਾ ਜੀਵ ਕੀ ਮੂੰਹ ਦਿਖਾਏਗਾ, ਸ਼ਰਮਸਾਰ ਹੋਣਾ ਪਏਗਾ - 'ਸਿਮਰਨੁ ਭਜਨੁ

ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥ ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥', ਪੰਨਾ ੧੧੦੬.

**ਅਰਥ :** ਜਦੋਂ ਸਰੀਰ ਦਾ ਨਾਸ ਹੋਏਗਾ, ਸਾੜ ਦਿਤਾ ਜਾਏਗਾ ਤਾਂ ਇਹ ਪੰਜੇ ਇੰਦ੍ਰੇ ਤਾਂ ਜੀਵ ਆਤਮਾ ਤੋਂ ਵਖ ਹੋ ਜਾਣਗੇ, ਭਜ ਜਾਣਗੇ। ਪਰ ਵਿਚਾਰੀ ਜੀਵ ਆਤਮਾ ਧਰਮ ਰਾਜ ਦੇ ਦਰਬਾਰ ਵਿਚ ਬੰਨ੍ਹੀਂ ਜਾਏਗੀ। ਕਰਮ ਤਾਂ ਕੀਤੇ, ਭੂਤਰੇ, ਆਖਿਓਂ ਬਾਹਰ ਹੋਏ ਇੰਦ੍ਰਿਆਂ ਨੇ, ਫ਼ਸ ਗਈ ਜੀਵ ਆਤਮਾ !੨।

ਪੰਜ ਇੰਦਰਿਆਂ ਦੇ ਸਾਥ ਨਾ ਨਿਭਾਉਣ ਦੀ ਸਚਿਆਈ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਫ਼ੁਰਮਾਈ ਹੈ ਕਿ ਜਦੋਂ ਜਮਾਂ ਨੇ ਸਰੀਰ ਰੂਪੀ ਮੰਦਰ ਢਾਹ ਕੇ ਲੁਟ ਲਿਆ ਤਾਂ ਜੀਵ ਆਤਮਾ ਇਕੱਲੀ ਹੀ ਫ਼ੜ ਲਈ ਗਈ। ਤਾਂ ਫ਼ਿਰ ਜਮ ਦਾ ਡੰਡਾ ਪਿਆ ਅਤੇ ਗਲ ਵਿਚ ਸੰਗਲ ਪਾਈ ਗਈ ਤਾਂ ਪੰਜ ਇੰਦਰੇ ਤਾਂ ਭਜ ਚੁਕੇ ਸੀ, ਉਹ ਨਹੀਂ ਸੀ ਰਹੇ - 'ਢਾਹਿ ਮੜੋਲੀ ਲੁਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ॥', ਪੰਨਾ ੧੫੫, ਇਸ ਲਈ ਨਾਲ ਹੀ ਉਪਦੇਸ਼ ਕਰ ਰਹੇ ਹਨ ਕਿ ਹੇ ਮੇਰੇ ਮਨ ! **ਰਾਮ ਦਾ ਨਾਮ ਉਚਰ**, ਵਾਹਗੁਰੂ ਦਾ ਸਿਮਰਨ ਕਰ ਕਿਉਂਕਿ ਅਗੇ, ਬਹੁਤ ਕਰੜਾ ਜਮਾਂ ਦਾ ਦਲ ਖਲੋਤਾ ਹੋਇਆ ਹੈ - 'ਸ੍ਰੀ ਰਾਮ ਨਾਮਾ ਉਚਰੁ ਮਨਾ॥ ਆਗੈ ਜਮ ਦਲੁ ਬਿਖਮੁ ਘਨਾ॥' ਕਿਉਂਕਿ, ਤੀਜੇ ਪਾਤਸ਼ਾਹ ਅਨੁਸਾਰ ਗੁਰਸਿਖ ਦਾ ਨਿਤ ਦਾ 'ਵਾਹੁ ਵਾਹੁ', **ਵਾਹਗੁਰੂ ਵਾਹਗੁਰੂ..** ਦਾ ਸਿਮਰਨ ਕੀਤਾ ਹੀ ਸਚੇ ਗੁਰੂ ਨੂੰ ਭਾਉਂਦਾ ਹੈ - '**ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥**', ਪੰਨਾ ੫੧੫.

ਧਰਮ ਰਾਜ ਕੋਈ ਮਨੋਕਲਪਿਤ ਜਾਂ ਪ੍ਰਤੀਕਾਤਮਕ ਹਸਤੀ ਨਹੀਂ ਸਗੋਂ ਪ੍ਰਭੂ ਦਾ ਹੀ ਸਿਰਜਿਆ ਹੋਇਆ ਹੈ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ - 'ਧਰਮ ਰਾਇ ਹੈ ਹਰਿ ਕਾ ਕੀਆ...', ਪੰਨਾ ੫੫੫ ਅਤੇ ਉਸ ਨੂੰ ਪ੍ਰਭੂ ਵਲੋਂ ਫ਼ੁਰਮਾਣ ਹੈ ਕਿ ਉਹ ਖਰਾ ਨਿਆਂ ਕਰੇ - 'ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥', ਪੰਨਾ ੩੮.

**ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥**
**ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥**

**ਅਰਥ :** ਭਗਤ ਕਬੀਰ ਜੀ ਉਪਦੇਸ਼ ਕਰ ਰਹੇ ਹਨ ਕਿ ਹੇ ਸੰਤ ਜਨੋ ! ਸਤਸੰਗੀਓ ! ਇਸੇ ਸਰੀਰ ਦੇ ਰਹਿੰਦਿਆਂ, ਇਸੇ ਜਨਮ ਵਿਚ ਹੀ ਨਾਮ ਜਪ ਕੇ, ਸਾਧੂ ਸੰਗਤਿ ਕਰ ਕੇ ਨਿਬੇੜਾ ਕਰਵਾ ਲਉ,

**ਅਰਥ :** ਅਰਦਾਸ ਕਰੋ ਕਿ ਹੇ ਪ੍ਰਭੂ ! ਹੁਣ ਇਸ ਜਨਮ ਵਿਚ ਹੀ ਇਸ ਬੰਦੇ, ਦਾਸ ਨੂੰ ਬਖ਼ਸ਼ ਲਉ ਅਤੇ ਦੁਬਾਰਾ ਜਨਮ ਲੈ ਕੇ ਨਾ ਆਉਣਾ ਪਏ।੩।੭।

ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ ਇਹ ਨਿਬੇੜਾ ਜਾਂ ਲੇਖਾ ਸਾਫ਼ ਹੋਣ ਦਾ ਕੰਮ, ਪੰਜਾਂ ਇੰਦਰਿਆਂ ਦੇ ਆਖੇ ਲਗ ਕੇ ਨਹੀਂ, ਰਾਜਾ ਰਾਮ ਨਾਲ ਮਿਲ ਕੇ, ਭਾਵ, ਨਾਮ ਜਪਦਿਆਂ ਜਪਦਿਆਂ ਪ੍ਰਭੂ ਨਾਲ ਮੇਲ ਹੋਣ ਤੇ ਹੋਣਾ ਹੈ - 'ਮਿਲਿ ਪੰਚਹੁ ਨਹੀ ਸਹਸਾ ਚੁਕਾਇਆ॥.. ਮਿਲਿ ਰਾਜਨ ਰਾਮ ਨਿਬੇਰਾ॥', ਪੰਨਾ ੬੨੧. ਪਾਤਸ਼ਾਹ ਦੇ ਬਚਨ ਹਨ ਕਿ ਜੀਵ ਨਾਮ ਜਪਣ, ਸੰਤ ਜਨਾਂ ਦੀ ਸੰਗਤਿ ਕਰਨ ਲਈ ਜਨਮ ਲੈ ਕੇ ਆਇਆ ਹੈ ਅਤੇ ਉਹੀ ਕੰਮ ਕਰਨ ਦੀ ਲੋੜ ਹੈ, ਗੁਰੂ ਦੇ ਰਾਹੀਂ ਹਰੀ ਨੂੰ ਮਨ ਵਿਚ ਵਸਾਣਾ ਹੈ, ਜਿਸ ਨਾਲ ਪ੍ਰਭੂ ਦੇ ਘਰ ਦੀ ਪ੍ਰਾਪਤੀ ਹੋ ਜਾਏਗੀ ਅਤੇ ਸੰਸਾਰ ਵਿਚ ਮੁੜ ਕੇ ਨਹੀਂ ਆਉਣਾ ਪਏਗਾ - 'ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥', ਪੰਨਾ ੧੩.